**ਪੰਜਾਬ ਰਾਜ ਸੂਚਨਾ ਕਮਿਸ਼ਨ**

**ਰੈਡ ਕਰਾਸ ਭਵਨ, ਸੈਕਟਰ 16, ਚੰਡੀਗੜ੍ਹ**

ਸੇਵਾ ਵਿਖੇ,

ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ ਸਰਕਾਰ,
(ਪ੍ਰਚਾਲਣ ਸ਼ਾਖਾ)
ਪਟਿਆਲਾ।

ਮੀਮੋ ਨੰ: PSIC-SA-Admn(Pbi)/ 910
ਚੰਡੀਗੜ੍ਹ, ਮਿਤੀ 27/5/22

ਵਿਸ਼ਾ: ਦਫ਼ਤਰ ਦਾ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕਰਨ ਦੇ ਨਾਲ ਨਾਲ ਵਿਭਾਗ ਦੀ ਵੈਬਸਾਈਟ ਅੰਗਰੇਜੀ ਦੇ ਨਾਲ ਨਾਲ ਪੰਜਾਬੀ ਵਿੱਚ ਉਪਲੱਬਧ ਕਰਵਾਉਣ ਸਬੰਧੀ।

****

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: ਪੰ,ਪ੍ਰਚਾ.(ਸੂਚਨਾ ਅਧਿਕਾਰ ਐਕਟ)-2022/5652 ਮਿਤੀ 26-03-2022 ਦੇ ਹਵਾਲੇ ਵਿੱਚ।

2. ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਸੂਚਿਤ ਜਾਂਦਾ ਹੈ ਕਿ ਕਮਿਸ਼ਨ ਵੱਲੋਂ ਪੱਤਰ ਨੰਬਰ ਪਰਸਕ/852 ਮਿਤੀ 10/6/2020 (ਕਾਪੀ ਨੱਥੀ) ਰਾਹੀਂ ਆਪ ਜੀ ਨੂੰ ਕਮਿਸ਼ਨ ਦੇ ਕੰਮ ਕਾਜ ਨੂੰ ਅੰਗਰੇਜੀ ਭਾਸ਼ਾ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿੱਚ ਕਰਨ ਲਈ ਕੰਮ ਦਾ ਨਿਰੀਖਣ ਕਰਨ ਅਤੇ ਲੋੜੀਂਦੇ ਸੁਝਾਅ ਦੇਣ ਲਈ ਟੀਮ ਭੇਜਣ ਲਈ ਬੇਨਤੀ ਕੀਤੀ ਗਈ ਸੀ, ਪਰੰਤੂ ਆਪ ਵੱਲੋਂ ਪੱਤਰ ਮਿਤੀ 24/7/2020 ਰਾਹੀਂ ਇਸ ਸਬੰਧੀ ਅਸਮਰਥਤਾ ਪ੍ਰਗਟ ਕੀਤੀ ਗਈ ਸੀ। ਕਿਉਂਜੋ ਕਮਿਸ਼ਨ ਇੱਕ semi judicial ਕੋਰਟ ਹੈ, ਇਸ ਦੇ ਹੁਕਮਾਂ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਅਪੀਲ ਕੀਤੀ ਜਾਂਦੀ ਹੈ। ਜਿਸ ਕਰਨ ਇਹ ਹੁਕਮ ਅੰਗਰੇਜੀ ਭਾਸ਼ਾ ਵਿੱਚ ਜਾਰੀ ਕਰਨੇ ਲਾਜਮੀ ਹਨ। ਕਮਿਸ਼ਨ ਵੱਲੋਂ ਰੋਜਾਨਾ ਕਾਫੀ ਗਿਣਤੀ ਵਿੱਚ ਹੁਕਮ ਜਾਰੀ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਰੋਜਾਨਾ ਵੈਬਸਾਈਟ ਤੇ ਅੱਪਲੋਡ ਕੀਤਾ ਜਾਂਦਾ ਹੈ। ਰੋਜਾਨਾ ਇੰਨੇ ਹੁਕਮਾਂ ਨੂੰ ਅਨੁਵਾਦ ਲਈ ਭਾਸ਼ਾ ਵਿਭਾਗ ਨੂੰ ਭੇਜਣਾ ਸੰਭਵ ਨਹੀਂ ਹੈ।

ਉਪਰੋਕਤ ਦੇ ਸਨਮੁਖ ਆਪ ਜੀ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਕਮਿਸ਼ਨ ਦੇ ਕੰਮ ਕਾਜ ਨੂੰ ਅੰਗਰੇਜੀ ਭਾਸ਼ਾ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿੱਚ ਕਰਨ ਲਈ ਕੰਮ ਦਾ ਨਿਰੀਖਣ ਕਰਨ ਅਤੇ ਲੋੜੀਂਦੇ ਸੁਝਾਅ ਦੇਣ ਲਈ ਟੀਮ ਭੇਜਣ ਦੀ ਖੇਚਲ ਕੀਤੀ ਜਾਵੇ, ਤਾਂ ਜੋ ਪੰਜਾਬ ਰਾਜ ਭਾਸ਼ਾ ਐਕਟ 1967 ਅਤੇ ਤਰਮੀਮ ਐਕਟ -2008 ਦੀ, ਕਮਿਸ਼ਨ ਵਿੱਚ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾ ਸਕੇ।

ਡਿਪਟੀ ਕੰਟ੍ਰੋਲਰ (ਵਿੱਤ ਤੇ ਲੇਖਾ)

ਪਿੰਠ ਅੰਕਣ ਨੰ: PSIC-SA-Admn(Pbi)/ 911 ਚੰਡੀਗੜ੍ਹ, ਮਿਤੀ 27/5/22

ਉਤਾਰਾ ਪੰਜਾਬੀ ਵਿਕਾਸ ਮੰਚ (ਕਾਨੂੰਨੀ), 297, ਗਲੀ ਨੰ: 5, ਉਪਕਾਰ ਨਗਰ, ਸਿਵਲ ਲਾਈਨਜ, ਲੁਧਿਆਣਾ ਨੂੰ ਉਨ੍ਹਾਂ ਦੇ ਪੱਤਰ ਨੰ: ਪ.ਭ.ਪ.ਭ./1-6 ਮਿਤੀ 14-3-2022 ਅਤੇ 38-39 ਮਿਤੀ 9-5-2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕੰਟ੍ਰੋਲਰ (ਵਿੱਤ ਤੇ ਲੇਖਾ)